THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ/ਆਈ.ਟੀ/15/3902 ਮਿਤੀ:26-11-2015

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

ਵਿਸ਼ਾ:- ਆਈ.ਟੀ.ਆਈ ਸੰਸਥਾਵਾਂ ਵਿੱਚ ਸੈਸ਼ਨ ਅਗਸਤ 2015 ਦੋਰਾਨ ਕਰਾਫਟਸਮੈਨ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸ ਅਤੇ ਐਡਵਾਂਸ ਮਡੀਊਲ (ਛੇ ਮਹੀਨੇ ਦੇ ਕੋਰਸ) ਵਿੱਚ ਪ੍ਰੋਵੀਜਨਲ ਦਾਖਲ ਹੋਏ ਸਿਖਿਆਰਥੀਆਂ ਅਤੇ ਵੈਲਫੇਅਰ ਸਕੀਮ ਅਧੀਨ ਦਾਖਲੇ ਹੋਏ ਸਿਖਿਆਰਥੀਆਂ ਦੀਆਂ ਡਾਇਰੈਕਟੋਰੇਟ ਤੋਂ ਵੈਰੀਫਾਈਡ ਲਿਸਟਾਂ, ਰਜਿਸਟਰੇਸ਼ਨ ਸਬੰਧੀ ਫੀਸ, ਬੋਰਡ ਦਫਤਰ ਵਿਖੇ ਜਮਾਂ ਕਰਵਾਉਣ ਸਬੰਧੀ-ਸ਼ਡਿਊਲ।

ਹਵਾਲਾ:-ਇਸ ਦਫਤਰ ਦਾ ਪੱਤਰ ਨੰ:- ਪੀ.ਐਸ.ਬੀ/ਆਈ.ਟੀ/15/3217 ਮਿਤੀ 29/9/2015, ਪੱਤਰ ਨੰ:- ਪੀ.ਐਸ.ਬੀ/ਆਈ.ਟੀ/15/3313 ਮਿਤੀ 01/10/2015 ਅਤੇ ਪੱਤਰ ਨੰ:-3431 ਮਿਤੀ:-6-10-2015 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਦੇ ਮੱਦੇਨਜਰ ਮਿਤੀ:-29 ਅਤੇ 30 ਅਕਤੂਬਰ 2015 ਨੂੰ ਪ੍ਰੋਵੀਜਨਲ ਦਾਖਲ ਹੋਏ ਸਿਖਿਆਰਥੀਆਂ ਅਤੇ ਵੈਲਫੇਅਰ ਸਕੀਮ ਅਧੀਨ ਦਾਖਲ ਕੀਤੇ ਗਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਕਰਨ ਲਈ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ ਅਤੇ ਬਾਕੀ ਦੇ ਦਸਤਾਵੇਜ਼ ਪਹਿਲਾਂ ਜਾਰੀ ਹਦਾਇਤਾਂ ਅਨੁਸਾਰ ਹੀ ਜਮਾਂ ਕਰਵਾਏ ਜਾਣੇ ਹਨ:-

| ਲੜੀ ਨੰ. | ਜ਼ਿਲਾ ਅਧੀਨ ਸੰਸਥਾਵਾਂ | ਮਿਤੀ | ਰਜਿਸਟਰੇਸ਼ਨ ਫੀਸ ਅਤੇ ਰਜਿਸਟਰੇਸ਼ਨ ਫਾਰਮ / ਐਡਮਿਸ਼ਨ ਸਲਿਪ ਦੀ ਫੀਸ | ਨਿਰਧਾਰਿਤ ਮਿਤੀ ਤੋਂ ਬਾਅਦ 23-12-2015 ਤੱਕ ਲੇਟ ਫੀਸ ਨਾਲ |
|---|---|---|---|---|
| 1. | ਪਟਿਆਲਾ, ਤਰਨਤਾਰਨ, ਫਿਰੋਜ਼ਪੁਰ, ਗੁਰਦਾਸਪੁਰ, ਮੋਗਾ, ਸੰਗਰੂਰ, ਫਾਜ਼ਿਲਕਾ, ਬਠਿੰਡਾ | 16-12-2015 | **100/- + 50/- ਰੁਪਏ = ਕੁੱਲ 150/- ਰੁਪਏ (ਪ੍ਰਤੀ ਸਿਖਿਆਰਥੀ)** | 1000/- ਰੁਪਏ ਪ੍ਰਤੀ ਸਿਖਿਆਰਥੀ (ਨਿਰਧਾਰਤ ਫੀਸ ਤੋਂ ਇਲਾਵਾ) |
| 2. | ਮਾਨਸਾ, ਫਰੀਦਕੋਟ, ਬਰਨਾਲਾ, ਮੁਕਤਸਰ, ਰੋਪੜ, ਨਵਾਂ ਸ਼ਹਿਰ, ਪਠਾਨਕੋਟ, ਲੁਧਿਆਣਾ, ਜਲੰਧਰ | 17-12-2015 | | |
| 3. | ਅੰਮ੍ਰਿਤਸਰ, ਮੁਹਾਲੀ, ਫਤਿਹਗੜ੍ਹ ਸਾਹਿਬ, ਕਪੂਰਥਲਾ, ਹੁਸ਼ਿਆਰਪੁਰ | 18-12-2015 | | |

**ਨੋਟ: ਪਹਿਲਾਂ ਜਾਰੀ ਹਦਾਇਤਾਂ ਤੋਂ ਇਲਾਵਾ NCVT ਲਈ NIC ਤੋਂ Final list of Admitted Candidates ਪ੍ਰਿੰਟ ਕਰਕੇ ਪ੍ਰਿੰਸੀਪਲ ਤੋਂ ਤਸਦੀਕ ਕਰਵਾ ਕੇ ਵੀ ਨਾਲ ਲਗਾਈ ਜਾਵੇ ਜੀ।**

ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਰਸਾਏ ਅਨੁਸਾਰ ਰਜਿਸਟਰੇਸ਼ਨ ਫੀਸ ਲੋੜੀਂਦੇ ਦਸਤਾਵੇਜਾਂ ਸਮੇਤ ਸਮੇਂ ਸਿਰ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪ੍ਰੀਖਿਆ ਸਮੇਂ ਸਿਰ ਲਈ ਜਾ ਸਕੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)**

ਉਪਰੋਕਤ ਦਾ ਉਤਾਰਾ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਦੇ ਮੱਦੇਨਜਰ ਮਿਤੀ:-28 ਅਤੇ 29 ਅਕਤੂਬਰ 2015 ਨੂੰ ਪ੍ਰੋਵੀਜਨਲ ਦਾਖਲ ਹੋਏ ਸਿਖਿਆਰਥੀਆਂ ਦਾ ਅਤੇ ਵੈਲਫੇਅਰ ਸਕੀਮ ਅਧੀਨ ਮੈਨੁਅਲ ਦਾਖਲ ਕੀਤੇ ਗਏ ਸਿਖਿਆਰਥੀਆਂ ਦਾ ਡਾਟਾ ਐਨ.ਆਈ. ਸੀ. ਤੋਂ ਕੈਪਚਰ ਕਰਵਾ ਕੇ ਬੋਰਡ ਦਫਤਰ ਵਿਖੇ ਮਿਤੀ:-02-12-2015 ਤੱਕ ਭੇਜਣਾ ਯਕੀਨੀ ਬਣਾਇਆ ਜਾਵੇ ਜੀ ਤਾਂ ਜੋ ਅਗਲੇਰੀ ਪ੍ਰੀਖਿਆ(ਜੋ ਕਿ ਮਿਤੀ:-21-01-2016 ਨੂੰ ਸ਼ੁਰੂ ਹੋ ਰਹੀ ਹੈ) ਲਈ ਰਜਿਸਟਰੇਸ਼ਨ ਕਰਨ ਉਪਰੰਤ ਇਹਨਾਂ ਸਿਖਿਆਰਥੀਆਂ ਦੇ ਏ.ਪੀ.ਐਫ. ਲੈ ਕੇ ਰੋਲ ਨੰਬਰ ਜਾਰੀ ਕੀਤੇ ਜਾ ਸਕਣ ਅਤੇ ਪ੍ਰੀਖਿਆ ਸਮੇਂ ਸਿਰ ਨਿਰ-ਵਿਘਨ ਸ਼ੁਰੂ ਕਰਵਾਈ ਜਾ ਸਕੇ।

2. ਕੰਟਰੋਲਰ, (ਵਿੱਤ ਅਤੇ ਲੇਖਾ) ਤਕਨੀਕੀ ਸਿੱਖਿਆ ਬੋਰਡ

Sd/-
**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)**